# ਦਫਤਰ ਡਿਪਟੀ ਕਮਿਸ਼ਨਰ-ਕਮ- ਕੁਲੈਕਟਰ, ਰੂਪਨਗਰ।

(ਐਚਆਰਸੀ. ਸ਼ਾਖਾ)

ਸਰਬ ਸਧਾਰਨ ਹਰ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜਿਲ੍ਹਾ ਰੂਪਨਗਰ ਦੀ ਤਹਿਸੀਲ ਸ੍ਰੀ ਅਨੰਦਪੁਰ ਸਾਹਿਬ ਲਈ 02 (ਦੋ) ਅਤੇ ਨੂਰਪੁਰਬੇਦੀ ਲਈ 01 (ਇਕ) ਅਸ਼ਟਾਮ ਫਰੋਸ਼ਾਂ ਨੂੰ ਲਾਈਸੰਸ ਦੇਣ ਲਈ ਦਰਖਾਸਤਾਂ ਦੀ ਮੰਗ ਕੀਤੀ ਜਾਂਦੀ ਹੈ। ਇਸ ਸਬੰਧੀ ਚਾਹਵਾਨ ਉਮੀਦਵਾਰ ਮਿਤੀ 01/12/2020 ਨੂੰ ਸ਼ਾਮ 4:00 ਵਜੇ ਤੱਕ ਆਪਣੀਆਂ ਦਰਖਾਸਤਾਂ 200/-ਰੁ. ਦੇ ਪੋਸਟਲ ਆਰਡਰ (ਅਨੁਸੂਚਿਤ ਜਾਤੀ ਲਈ 100/-ਰੁ.) ਡਿਪਟੀ ਕਮਿਸ਼ਨਰ, ਰੂਪਨਗਰ ਦੇ ਨਾਂ ਤੇ ਨਿੱਜੀ ਤੌਰ ਤੇ ਦਫਤਰ ਡਿਪਟੀ ਕਮਿਸਨਰ, ਰੂਪਨਗਰ (ਆਰ.ਆਈ.ਏ. ਸ਼ਾਖਾ) ਵਿਚ ਦਫਤਰੀ ਸਮੇ ਦੌਰਾਨ ਦੇ ਸਕਦਾ ਹੈ। ਨਿਸਚਿਤ ਮਿਤੀ ਤੋਂ ਬਾਅਦ ਪ੍ਰਾਪਤ ਹੋਣ ਵਾਲੀਆਂ ਦਰਖਾਸਤਾਂ ਤੇ ਵਿਚਾਰ ਨਹੀਂ ਕੀਤਾ ਜਾਵੇਗਾ। ਇਸ ਸਬੰਧ ਵਿਚ ਲਿਖਤੀ ਟੈਸਟ ਦੇਣ ਦੀ ਮਿਤੀ 04/12/2020 ਨਿਸਚਿਤ ਕੀਤੀ ਗਈ ਹੈ, ਜੋ ਕਿ ਸਮਾਂ ਸਵੇਰੇ 9:00 ਵਜੇ ਸਥਾਨ ਸਿਵਾਲਿਕ ਪਬਲਿਕ ਸਕੂਲ, ਰੂਪਨਗਰ ਵਿਖੇ ਹੋਵੇਗਾ। ਟੈਸਟ ਵਿਚ ਆਉਂਣ ਸਬੰਧੀ ਹੋਰ ਕੋਈ ਸੱਦਾ ਪੱਤਰ ਨਹੀਂ ਦਿੱਤਾ ਜਾਵੇਗਾ। ਇਹ ਲਿਖਤੀ ਟੈਸਟ ਜੋ ਕਿ ਦਸਵੀਂ ਕਲਾਸ ਦੇ ਪੱਧਰ ਦਾ ਹੋਵੇਗਾ ਉਹ 70 ਨੰਬਰਾਂ ਦਾ ਹੋਵੇਗਾ। ਇਸ ਤੋਂ ਇਲਾਵਾ 20 ਨੰਬਰ ਵਿਦਿਅਕ ਯੋਗਤਾ ਦੇ ਅਤੇ 10 ਨੰਬਰ ਇੰਟਰਵਿਊ ਦੇ ਅਧਾਰ ਤੇ ਦਿੱਤੇ ਜਾਣਗੇ। ਉਹ ਉਮੀਦਵਾਰ ਹੀ ਟੈਸਟ ਦੇਣ ਲਈ ਯੋਗ ਹੋਵੇਗਾ ਜਿਸ ਨੇ ਦਸਵੀਂ ਕਲਾਸ ਪੰਜਾਬੀ ਵਿਸ਼ੇ ਸਹਿਤ ਪਾਸ ਕੀਤੀ ਹੋਵੇ ਅਤੇ ਉਹ ਕਿਸੇ ਪਾਰਟੀ ਵਿਚ ਹਿੱਸਾ ਨਾ ਲੈਂਦਾ ਹੋਵੇ, ਉਸਦੇ ਖਿਲਾਫ ਫੌਜਦਾਰੀ ਕੇਸ ਲੰਬਿਤ ਨਾ ਹੋਵੇ ਅਤੇ ਨਾ ਹੀ ਉਹ ਕਿਸੇ ਕੇਸ ਵਿਚ ਸਜਾ ਯਾਫਤਾ ਹੋਵੇ। ਇਸ ਦਫਤਰ ਵਿਚ ਅਸ਼ਟਾਮ ਫਰੋਸ਼ ਦੇ ਲਾਈਸੰਸ ਲਈ ਪਹਿਲਾਂ ਦਿੱਤੀਆਂ ਦਰਖਾਸਤਾਂ ਤੇ ਕੋਈ ਗੌਰ ਨਹੀਂ ਕੀਤਾ ਜਾਵੇਗਾ।

ਨੋਟ:- ਟੈਸਟ ਵਿਚ ਪਾਸ ਉਮੀਦਵਾਰ ਇੰਟਰਵਿਊ ਸਮੇ ਵਿਦਿਅਕ ਯੋਗਤਾ ਸਬੰਧੀ ਆਪਣੇ ਅਸਲ ਦਸਤਾਵੇਜ਼ ਨਾਲ ਲੈਕੇ ਆਉਣ।

=============

## ਬਿਨੈ ਪੱਤਰ

ਅਸ਼ਟਾਮ ਫਰੋਸ਼ ਦੇ ਲਾਈਸੰਸ ਲਈ ਬਿਨੇ ਪੱਤਰ ਜਿਲ੍ਹਾ ਕੁਲੈਕਟਰ (ਡੀ.ਸੀ.) ਰੂਪਨਗਰ ਨੂੰ ਸੰਬੋਧਿਤ ਕੀਤਾ ਜਾਵੇ ਜਿਸ ਵਿਚ ਆਪਣੀਆਂ ਵਿਦਿਅਕ ਯੋਗਤਾਵਾਂ ਦੱਸਦੇ ਹੋਏ (ਮਏ ਤਸਦੀਕ ਸੁਦਾ ਫੋਟੋ ਕਾਪੀ ਸਰਟੀਫਿਕੇਟ) ਦਿੱਤੀ ਜਾਵੇ ਜਿਸ ਵਿਚ ਹੇਠ ਲਿਖੇ ਅਨੁਸਾਰ ਮੁਕੰਮਲ ਸੂਚਨਾਂ ਦਿਤੀ ਜਾਵੇ:-

| |
|---|
| ਪਾਸਪੋਰਟ ਸਾਈਜ਼ ਦੀਆਂ 4 ਫੋਟੋਆਂ |

1. - ਤਹਿਸੀਲ/ਸਬ ਤਹਿਸੀਲ ਦਾ ਨਾਂ (ਜਿਸ ਲਈ ਅਪਲਾਈ ਕੀਤਾ ਹੈ)
2. - ਤਹਿਸੀਲ/ਸਬ ਤਹਿਸੀਲ ਜਿਸ ਵਿਚ ਰਿਹਾਇਸ਼ ਹੈ:
3. - ਉਮੀਦਵਾਰ ਦਾ ਨਾਂ:
4. - ਪਿਤਾ ਦਾ ਨਾਂ
5. - ਜਨਮ ਮਿਤੀ
6. - ਪੂਰਾ ਪਤਾ
7. - ਪੁਲਿਸ ਸਟੇਸ਼ਨ
8. - ਵਿਦਿਅਕ ਯੋਗਤਾ
9. - ਦਸਵੀ ਤੱਕ ਪੰਜਾਬ ਪਾਸ ਦਾ ਸਬੂਤ:
10. - ਮੌਜੂਦਾ ਕਿੱਤਾ:
11. - ਫੋਨ ਨੰ:/ਮੋਬਾਈਲ ਨੰਬਰ
12. - ਜਨਰਲ ਸ੍ਰੈਣੀ/ਹੋਰ ਪਛੜੀਆਂ ਸ੍ਰੈਣੀਆਂ/ਅਨੁਸੂਚਿਤ ਜਾਤੀ:

ਮੇਰੇ ਵੱਲੋਂ ਉਪਰੋਕਤ ਦਿੱਤੀ ਜਾਣਕਾਰੀ ਬਿਲਕੁੱਲ ਸਹੀ ਵਾ ਦਰੁਸਤ ਹੈ। ਇਸ ਵਿਚ ਕੋਈ ਵੀ ਗੱਲ ਲੁਕਾਈ ਜਾਂ ਛੁਪਾਈ ਨਹੀਂ ਗਈ ਹੈ। ਜੇਕਰ ਉਪਰੋਕਤ ਦਿੱਤੀ ਕੋਈ ਵੀ ਜਾਣਕਾਰੀ ਗਲਤ ਜਾਂ ਝੂਠੀ ਨਿਕਲੀ ਤਾਂ ਮੈਂ ਖੁਦ ਜਿੰਮੇਵਾਰ ਹੋਵਾਂਗਾ/ਹੋਵਾਂਗੀ ਅਤੇ ਨਿਯਮਾਂ ਅਨੁਸਾਰ ਸਜਾ ਦਾ ਭਾਗੀਦਾਰ ਹੋਵਾਂਗਾ/ਹੋਵਾਂਗੀ।

ਉਮੀਦਵਾਰ ਦੇ ਹਸਤਾਖਰ